Surrey Schools
LEADERSHIP IN LEARNING

Tel: 604.596.7733
www.surreyschools.ca

# ਵਿਦਿਆਰਥੀਆਂ ਦੀ ਐਕਸੀਡੈਂਟ ਇਨਸ਼ੋਰੈਂਸ

***ਕੀ ਤੁਹਾਨੂੰ ਪਤਾ ਹੈ...***

*ਸਰੀ ਸਕੂਲ ਡਿਸਟ੍ਰਿਕਟ ਸਕੂਲ ਦੀਆਂ ਗਰਾਊਂਡਾਂ ਜਾਂ ਸਕੂਲ ਦੀਆਂ ਸਰਗਰਮੀਆਂ ਦੌਰਾਨ ਵਿਦਿਆਰਥੀਆਂ ਦੇ ਲੱਗੀਆਂ ਸੱਟਾਂ ਦੇ ਖਰਚਿਆਂ ਦੀ ਇਨਸ਼ੋਰੈਂਸ ਨਹੀਂ ਕਰਦਾ।*

*ਇਕ ਮਾਪੇ ਜਾਂ ਗਾਰਡੀਅਨ ਵਜੋਂ ਤੁਸੀਂ ਇਨ੍ਹਾਂ ਖਰਚਿਆਂ ਲਈ ਜ਼ਿੰਮੇਵਾਰ ਹੋ।*

ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਸਕੂਲ ਵਿੱਚ ਲੱਗੀਆਂ ਸੱਟਾਂ ਨੂੰ ਕਵਰ ਕਰਨ ਲਈ ਮਾਪੇ ਵਿਦਿਆਰਥੀਆਂ ਦੀ ਐਕਸੀਡੈਂਟ ਇਨਸ਼ੋਰੈਂਸ ਕਰਵਾਉਣ ਬਾਰੇ ਸੋਚਣ। ਕਈ ਕੰਪਨੀਆਂ ਸਸਤੀ ਐਕਸੀਡੈਂਟ ਇਨਸ਼ੋਰੈਂਸ ਪ੍ਰਦਾਨ ਕਰਦੀਆਂ ਹਨ ਅਤੇ ਤੁਸੀਂ ਅਜਿਹੀ ਪਲੈਨ ਦੀ ਚੋਣ ਕਰ ਸਕਦੇ ਹੋ ਜਿਹੜੀ ਤੁਹਾਡੇ ਪਰਿਵਾਰ ਦੀਆਂ ਨਿੱਜੀ ਲੋੜਾਂ ਦੀ ਪੂਰਤੀ ਕਰਦੀ ਹੋਵੇ।

ਸਹੂਲਤ ਲਈ ਸਰੀ ਸਕੂਲ ਜ਼ਿਲ੍ਹਾ ਅਤੇ ਤੁਹਾਡੇ ਜ਼ਿਲ੍ਹੇ ਦੀ ਪੇਰੈਂਟ ਐਡਵਾਇਜ਼ਰੀ ਕਾਊਂਸਲ ਇਨਸ਼ੋਅਰ ਮਾਈ ਕਿਡਜ਼ ਅਤੇ ਸਟੱਡੀ ਇਨਸ਼ੋਅਰਡ ਸਟੂਡੈਂਟ ਐਕਸੀਡੈਂਟ ਇਨਸ਼ੋਰੈਂਸ ਪ੍ਰੋਗਰਾਮ ਰਾਹੀਂ ਵਿਦਿਆਰਥੀਆਂ ਦੀ ਇਨਸ਼ੋਰੈਂਸ ਬਾਰੇ ਜਾਣਕਾਰੀ ਪ੍ਰਦਾਨ ਕਰ ਰਹੇ ਹਨ।

ਇਨਸ਼ੋਅਰ ਮਾਈ ਕਿਡਜ਼ ਅਤੇ ਸਟੱਡੀ ਇਨਸ਼ੋਅਰਡ ਸਟੂਡੈਂਟ ਐਕਸੀਡੈਂਟ ਇਨਸ਼ੋਰੈਂਸ ਅਣਚਿਤਵੇ ਐਕਸੀਡੈਂਟਾਂ ਕਾਰਨ ਲੱਗਣ ਵਾਲੀਆਂ ਗੰਭੀਰ ਸੱਟਾਂ ਦੇ ਸੰਭਾਵੀ ਜ਼ਿਆਦਾ ਖਰਚਿਆਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਅਤੇ ਖਾਸ ਤੌਰ ’ਤੇ ਅੱਗੇ ਦੱਸੇ ਪਰਿਵਾਰਾਂ ਲਈ ਬਹੁਤ ਬਹੁਮੁੱਲੀ ਹੈ:

- ਜਿਨ੍ਹਾਂ ਕੋਲ ਮੈਡੀਕਲ ਜਾਂ ਡੈਂਟਲ ਪਲੈਨ ਨਹੀਂ ਹੈ,
- ਜਿਨ੍ਹਾਂ ਕੋਲ ਸੀਮਤ ਪਲੈਨਾਂ ਹਨ, ਅਤੇ ਇਹ ਹੈਲਥ ਅਤੇ ਦੰਦਾਂ ਦੇ ਫਾਇਦਿਆਂ (ਬੈਨੇਫਿਟਸ) ਵਿੱਚ ਵਾਧਾ ਕਰਨ ਵਿੱਚ ਮਦਦ ਕਰ ਸਕਦੀ ਹੈ, ਜਾਂ
- ਜਿਨ੍ਹਾਂ ਦੇ ਬੱਚੇ ਸਰਗਰਮ ਹਨ ਅਤੇ ਖੇਡਾਂ ਅਤੇ ਬਾਹਰ ਦੀਆਂ ਸਰਗਰਮੀਆਂ ਪਸੰਦ ਕਰਦੇ ਹਨ।

**ਐਕਸੀਡੈਂਟ ਹੋ ਸਕਦੇ ਹਨ, ਅਤੇ ਹੁੰਦੇ ਹਨ**

ਇਹਨਾਂ ਦੋਵਾਂ ਪ੍ਰੋਗਰਾਮਾਂ ਕੋਲ ਵੱਖ ਵੱਖ ਤਰ੍ਹਾਂ ਦੇ ਬੱਜਟਾਂ ਨਾਲ ਮੇਲ ਖਾਂਦੀਆਂ ਕਈ ਪਲੈਨਾਂ ਹਨ। ਫਾਇਦਿਆਂ ਵਿੱਚ ਅੱਗੇ ਦੱਸੀਆਂ ਚੀਜ਼ਾਂ ਲਈ ਕਵਰੇਜ ਸ਼ਾਮਲ ਹੈ:

- ਪੂਰੇ ਸਾਲ ਲਈ (ਸਤੰਬਰ ਤੋਂ ਸਤੰਬਰ), ਦਿਨ ਦੇ 24 ਘੰਟੇ, ਸਕੂਲ ਵਿੱਚ ਜਾਂ ਘਰ ਵਿੱਚ;
- ਐਂਬੂਲੈਂਸ, ਫਿਜ਼ੀਓਥੈਰੇਪੀ, ਪ੍ਰਾਈਵੇਟ ਟਿਊਟਰਿੰਗ, ਕਾਊਂਸਲਿੰਗ ਅਤੇ ਕਈ ਹੋਰ ਚੀਜ਼ਾਂ ਲਈ ਖਰਚੇ, ਜਿਹੜੇ ਪ੍ਰਾਈਵੇਟ ਜਾਂ ਗਰੁੱਪ ਇਨਸ਼ੋਰੈਂਸ ਪਲੈਨਾਂ ਜਾਂ ਸੂਬੇ ਦੀ ਹੈਲਥ ਪਲੈਨ ਵਿੱਚ ਇਕ ਸੀਮਤ ਹੱਦ ਤੱਕ ਕਵਰ ਕੀਤੇ ਜਾਂਦੇ ਹਨ ਜਾਂ ਕਵਰ ਹੀ ਨਹੀਂ ਕੀਤੇ ਜਾਂਦੇ;
- ਸੱਟ ਨਾਲ ਸੰਬੰਧਿਤ ਦੰਦਾਂ ਦਾ ਇਲਾਜ;
- ਸੂਬੇ ਜਾਂ ਦੇਸ਼ ਤੋਂ ਬਾਹਰ ਐਮਰਜੰਸੀ ਮੈਡੀਕਲ ਖਰਚੇ।

ਜੇ ਤੁਸੀਂ ਸਕੂਲ ਸਾਲ ਵਿੱਚ ਆਪਣਾ ਪਤਾ ਬਦਲ ਲੈਂਦੇ ਹੋ, ਤਾਂ ਤੁਹਾਡੀ ਸਟੂਡੈਂਟ ਐਕਸੀਡੈਂਟ ਇਨਸ਼ੋਰੈਂਸ ਪਲੈਨ ਕੈਨੇਡਾ ਭਰ ਵਿੱਚ ਇਕ ਸਕੂਲ ਤੋਂ ਦੂਜੇ ਸਕੂਲ ਲਈ ਤਬਦੀਲ ਕੀਤੀ ਜਾ ਸਕਦੀ ਹੈ।

ਤੁਹਾਡੇ ਵੱਲੋਂ ਚੁਣੀ ਪਲੈਨ ਦੇ ਆਧਾਰ ’ਤੇ ਇਨਸ਼ੋਰੈਂਸ ਦੇ ਪ੍ਰੀਮੀਅਮ ਇਕ ਸਾਲ ਲਈ 13.00 ਡਾਲਰ ਤੋਂ 33.00 ਡਾਲਰ ਦੇ ਵਿੱਚਕਾਰ ਹਨ, ਅਤੇ ਤੁਹਾਡੇ ਬੱਚੇ ਨੂੰ ਸਾਰੇ ਸਮੇਂ ਲਈ, ਸਿਰਫ ਸਕੂਲ ਹੋਣ ਵਕਤ ਹੀ ਨਹੀਂ, ਕਵਰੇਜ ਮਿਲਦੀ ਹੈ। ਤਿੰਨ ਜਾਂ ਜ਼ਿਆਦਾ ਬੱਚਿਆਂ ਵਾਲੇ ਪਰਿਵਾਰਾਂ ਲਈ ਪ੍ਰੀਮੀਅਮ ਵਿੱਚ ਛੋਟ (ਡਿਸਕਾਊਂਟ) ਮਿਲਦੀ ਹੈ।

ਇਨਸ਼ੋਰੈਂਸ ਦਾ ਇਕਰਾਰਨਾਮਾ (ਐਗਰੀਮੈਂਟ) ਤੁਹਾਡੇ ਅਤੇ ਤੁਹਾਡੇ ਵਲੋਂ ਚੁਣੇ ਗਏ ਇਨਸ਼ੋਰੈਂਸ ਕਰਨ ਵਾਲੇ ਵਿਚਕਾਰ ਹੋਵੇਗਾ। ਸਟੂਡੈਂਟ ਐਕਸੀਡੈਂਟ ਇਨਸ਼ੋਰੈਂਸ ਉਸ ਤਰੀਕ ਤੋਂ ਲਾਗੂ ਹੋ ਜਾਂਦੀ ਹੈ ਜਿਸ ਦਿਨ ਇਨਸ਼ੋਰੈਂਸ ਕੈਰੀਅਰ ਨੂੰ ਇਨਸ਼ੋਰੈਂਸ ਲਈ ਅਰਜ਼ੀ ਅਤੇ ਫੀਸ ਮਿਲਦੀ ਹੈ। ਇਹ ਫੈਸਲਾ ਕਰਨ ਲਈ ਕਿ ਤੁਹਾਡੇ ਲਈ ਕਿਹੜੀ ਚੋਣ ਸਭ ਤੋਂ ਵਧੀਆ ਹੈ, ਅਸੀਂ ਤੁਹਾਨੂੰ ਸਾਰੀਆਂ ਚੋਣਾਂ ’ਤੇ ਗੌਰ ਕਰਨ ਲਈ ਉਤਸ਼ਾਹਿਤ ਕਰਦੇ ਹਾਂ।

*ਹੋਰ ਜਾਣਕਾਰੀ ਲਈ ਜਾਂ ਆਨਲਾਈਨ ਅਪਲਾਈ ਕਰਨ ਲਈ ਕਿਰਪਾ ਕਰਕੇ ਜਾਓ:*

https://insuremykids.com/ or https://www.studyinsuredstudentaccident.com/.

*ਜੇ ਤੁਸੀਂ ਕਿਸੇ ਨੁਮਾਇੰਦੇ ਨਾਲ ਗੱਲ ਕਰਨਾ ਚਾਹੁੰਦੇ ਹੋਵੋ, ਤਾਂ*

*ਕਿਰਪਾ ਕਰਕੇ ਇਨਸ਼ੋਅਰ ਮਾਈ ਕਿਡਜ਼ ਨਾਲ* **1-800-463-5437** *’ਤੇ ਸੰਪਰਕ ਕਰੋ*

*ਸਟੱਡੀ ਇਨਸ਼ੋਰੈਂਸ ਨਾਲ* **1-833-560-0527** *’ਤੇ ਸੰਪਰਕ ਕਰੋ (ਮੁਫਤ)*